# ਮਿਲਰਾਈਟ



"ਮੈਂ ਗੁੰਝਲਦਾਰ ਮਸ਼ੀਨਰੀ ਜੋੜਨ ਅਤੇ ਸੰਭਾਲ ਕਰਨ `ਤੇ ਨਿਰਭਰ ਹਾਂ ਜਿਹੜੀ ਮਿਲੀਅਨਜ਼ ਡਾਲਰਾਂ ਦੀ ਹੈ। ਮੈਂ ਫਰਕ ਪਾਉਣਾ ਪਸੰਦ ਕਰਦਾ ਹਾਂ।"

## ਇਸ ਕਿੱਤੇ ਬਾਰੇ

ਮਿਲਰਾਈਟ ਬਹੁਤ ਸਾਰੀਆਂ ਇੰਡਸਟਰੀਆਂ ਵਿਚ ਵਰਤੀ ਜਾਂਦੀ ਸਟੇਸ਼ਨਰੀ ਮਸ਼ੀਨਰੀ ਅਤੇ ਭਾਰੀ ਸਾਜ਼-ਸਾਮਾਨ ਇਨਸਟਾਲ ਕਰਦੇ, ਉਨ੍ਹਾਂ ਦੀ ਸਰਵਿਸ ਕਰਦੇ, ਨੁਕਸਾਂ ਦੀ ਪਛਾਣ ਕਰਦੇ ਅਤੇ ਉਨ੍ਹਾਂ ਦੀ ਰਿਪੇਅਰ ਕਰਦੇ ਹਨ। ਉਹ ਹੈਂਡ ਅਤੇ ਪੌਵਰ ਟੂਲਜ਼ ਦੀ ਵਰਤੋਂ ਕਰਦੇ ਹੋਏ, ਜਿਸ ਵਿਚ ਵੈਲਡਿੰਗ ਲਈ ਸਾਮਾਨ ਵੀ ਸ਼ਾਮਲ ਹੈ, ਵੱਖ ਵੱਖ ਸਾਜ਼-ਸਾਮਾਨ `ਤੇ ਕੰਮ ਕਰਦੇ ਹਨ ਜਿਵੇਂ ਕਿ ਪੰਪ, ਕੰਪ੍ਰੈਸਰ, ਟਰਬਾਈਨਾਂ ਅਤੇ ਮਾਈਨਿੰਗ ਦਾ ਸਾਜ਼-ਸਾਮਾਨ। ਉਹ ਹਾਈਡ੍ਰੌਲਿਕਸ, ਇਲੈਕਟ੍ਰੌਨਿਕਸ ਅਤੇ ਹੋਰ ਮੁਹਾਰਤਾਂ ਵਰਗੇ ਖੇਤਰਾਂ ਵਿਚ ਹੁਨਰ ਵਿਕਸਿਤ ਕਰ ਸਕਦੇ ਹਨ।

**$29.22-$44.95 /ਪ੍ਰਤੀ ਘੰਟਾ**

ਅਨੁਮਾਨਤ ਵਾਧਾ
(ਕਨਸਟਰੱਕਸ਼ਨ ਲੇਬਰ ਫੋਰਸ)
2020 ਦੇ ਮੁਕਾਬਲੇ ਦਹਾਕੇ ਦੌਰਾਨ 10%

**BuildForce Canada*

- ਤੁਹਾਡੀ ਮਸ਼ੀਨਰੀ ਚਲਾਉਣ ਵਿਚ ਦਿਲਚਸਪੀ ਹੈ।
- ਤੁਹਾਨੂੰ ਵੇਰਵੇ ਦੀ ਡੂੰਘੀ ਪਛਾਣ ਹੈ।
- ਤੁਸੀਂ ਸਹੀ ਤਰ੍ਹਾਂ ਕੰਮ ਕਰਨਾ ਪਸੰਦ ਕਰਦੇ ਹੋ।

## ਜ਼ਿੰਮੇਵਾਰੀਆਂ

- ਮਕੈਨੀਕਲ ਸਮੱਸਿਆਵਾਂ ਅਤੇ ਵਿਗਾੜਾਂ ਦਾ ਪਤਾ ਲਾਉਣਾ ਅਤੇ ਉਨ੍ਹਾਂ ਨੂੰ ਠੀਕ ਕਰਨਾ
- ਮਸ਼ੀਨਰੀ ਦੇ ਨੁਕਸ ਵਾਲੇ ਪਾਰਟਸ ਦੀ ਰਿਪੇਅਰ ਕਰਨਾ ਜਾਂ ਬਦਲਣਾ
- ਹੈਂਡ ਅਤੇ ਪੌਵਰ ਟੂਲਜ਼ ਦੀ ਵਰਤੋਂ ਕਰਦੇ ਹੋਏ ਮਸ਼ੀਨਰੀ ਅਤੇ ਸਾਜ਼-ਸਾਮਾਨ ਜੋੜਨਾ ਅਤੇ ਇਨਸਟਾਲ ਕਰਨਾ
- ਮਸ਼ੀਨਰੀ ਲਈ ਫਾਉਂਡੇਸ਼ਨਾਂ ਬਣਾਉਣਾ
- ਓਵਰਹਾਲ, ਸੰਭਾਲ ਜਾਂ ਸੈੱਟ-ਅੱਪ ਦੌਰਾਨ ਲੋੜੀਂਦੇ ਪਾਰਟਸ ਬਣਾਉਣਾ
- ਮਸ਼ੀਨਰੀ ਦੀ ਸੰਭਾਲ ਦਾ ਰੁਟੀਨ ਕੰਮ ਕਰਨਾ
- ਪ੍ਰੋਗਰਾਮ ਕਰਨ ਯੋਗ ਲੌਜਿਕ ਕੰਟਰੋਲਰਜ਼ (ਪੀ ਐੱਲ ਸੀਜ਼) ਨੂੰ ਪ੍ਰੋਗਰਾਮ ਕਰਨਾ
- ਖੜ੍ਹਾ ਕਰਨ ਅਤੇ ਚੁੱਕਣ ਵਾਲਾ ਸਾਜ਼-ਸਾਮਾਨ ਚਲਾਉਣਾ

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

**ਅਪਰੈਂਟਿਸਸ਼ਿਪ ਪ੍ਰੋਗਰਾਮ:**
ਇਸ ਵਿਚ ਟੈਕਨੀਕਲ ਟਰੇਨਿੰਗ, ਜੌਬ `ਤੇ ਟਰੇਨਿੰਗ ਅਤੇ ਇਮਤਿਹਾਨ ਸ਼ਾਮਲ ਹਨ। ਕਾਮਯਾਬੀ ਨਾਲ ਸਮਾਪਤੀ ਤੋਂ ਬਾਅਦ ਜਰਨੀਪਰਸਨ ਸਰਟੀਫਿਕੇਟ ਦਿੱਤਾ ਜਾਂਦਾ ਹੈ। ਅਪਰੈਂਟਿਸ ਦੇ ਤੌਰ `ਤੇ, ਤੁਸੀਂ ਸਿੱਖਣ ਵੇਲੇ ਪੈਸੇ ਵੀ ਕਮਾਉਂਦੇ ਹੋ।

### ਮੁੱਖ ਹੁਨਰ ਅਤੇ ਗੁਣ

(ਟੈਕਨੀਕਲ ਟਰੇਨਿੰਗ ਅਤੇ ਜੌਬ ਉੱਪਰ)

- ਗੱਲਬਾਤ ਕਰਨ, ਪੜ੍ਹਨ ਅਤੇ ਹਿਸਾਬ ਦੇ ਵਧੀਆ ਹੁਨਰ
- ਸਮੱਸਿਆਵਾਂ ਦੇ ਹੱਲ ਕਰਨ ਅਤੇ ਪਲੈਨਿੰਗ ਕਰਨ ਦੇ ਵਧੀਆ ਹੁਨਰ
- ਬਲੂਪ੍ਰਿੰਟਸ ਅਤੇ ਯੋਜਨਾਬੱਧ ਡਰਾਇੰਗਜ਼ ਨੂੰ ਪੜ੍ਹਨ ਦੀ ਸਮਰੱਥਾ
- ਟੂਲਜ਼ ਅਤੇ ਮਸ਼ੀਨਰੀ ਦੀ ਸਹੀ ਤਰ੍ਹਾਂ ਵਰਤੋਂ ਕਰਨ ਦਾ ਤਜਰਬਾ
- ਉੱਚੀਆਂ ਥਾਵਾਂ ਵਿਚ, ਬਾਹਰ ਅਤੇ ਵੱਖ ਵੱਖ ਮੌਸਮਾਂ ਵਿਚ ਕੰਮ ਕਰਨ ਦੀ ਸਮਰੱਥਾ
- ਸਹਿਯੋਗ ਵਾਲੇ ਮਾਹੌਲ ਵਿਚ ਕੰਮ ਕਰਨ ਦੀ ਸਮਰੱਥਾ

## ਕੀ ਤੁਹਾਨੂੰ ਪਤਾ ਸੀ?

ਤਕਰੀਬਨ ਹਰ ਇੰਡਸਟਰੀ ਨੂੰ ਮਿਲਰਾਈਟਸ ਦੀ ਲੋੜ ਹੈ, ਜਿਨ੍ਹਾਂ ਦੀਆਂ ਉਦਾਹਰਣਾਂ ਵਿਚ ਮੈਨੂਫੈਕਚਰਿੰਗ, ਐਨਰਜੀ, ਔਟੋਮੋਟਿਵ, ਟ੍ਰਾਂਸਪੋਰਟੇਸ਼ਨ, ਰਿਫਾਇਨਰੀ, ਫੂਡ ਪ੍ਰੋਸੈਸਿੰਗ ਅਤੇ ਫਾਰਮਾਸੂਟੀਕਲ ਸ਼ਾਮਲ ਹਨ।

College of the BC Building Trades

info@collegeofthebcbt.ca | www.collegeofthebcbt.ca